# ਮਾਡਲ ਪ੍ਰਸ਼ਨ-ਪੱਤਰ
## ਜਮਾਤ : ਦਸਵੀਂ
## ਵਿਸ਼ਾ : ਪੰਜਾਬੀ
## Set – D

**ਕੋਡ** : 037 **ਸੈਸ਼ਨ** : 2023-24
**ਸਮਾਂ** : **ਤਿੰਨ ਘੰਟੇ** **ਕੁੱਲ ਅੰਕ** : 80
**ਪੇਪਰ** : **ਸਾਲਾਨਾ**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁਲ੍ਹੀ-ਖੁਲ੍ਹੀ ਕਰਨ ਦਾ ਜਤਨ ਕਰੋ।
❖ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

### ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** 5

ਵਿਦਿਆਰਥੀ ਜੀਵਨ ਮਨੁੱਖੀ ਜੀਵਨ ਦਾ ਉਹ ਪੜਾਅ ਹੈ, ਜਦੋਂ ਉਸ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ ਤੇ ਆਚਰਨ ਦੀ ਉਸਾਰੀ ਹੁੰਦੀ ਹੈ। ਇਹ ਉਹ ਸਮਾਂ ਹੈ, ਜਦੋਂ ਉਸ ਨੂੰ ਠੀਕ ਸਿਖਲਾਈ ਦੀ ਅਤਿਅੰਤ ਜ਼ਰੂਰਤ ਹੁੰਦੀ ਹੈ ਕਿਉਂਕਿ ਇਸ ਸਮੇਂ ਮਿਲੀ ਚੰਗੀ ਜਾਂ ਮਾੜੀ ਸਿਖਲਾਈ ਉੱਪਰ ਹੀ ਉਸ ਦੇ ਭਵਿੱਖ ਤੇ ਆਚਰਨ ਨਿਰਭਰ ਕਰਨਾ ਹੁੰਦਾ ਹੈ। ਸਕੂਲਾਂ-ਕਾਲਜਾਂ ਵਿੱਚ ਵਿੱਦਿਆ ਦਾ ਅਸਲੀ ਮਕਸਦ ਦੇਸ਼ ਦੇ ਭਵਿੱਖ ਦੇ ਮਾਲਕ ਨੌਜਵਾਨਾਂ ਦੀ ਸ਼ਖ਼ਸੀਅਤ ਦੀ ਉਸਾਰੀ ਕਰਨਾ ਹੀ ਹੈ, ਜਿਸ ਨਾਲ ਇਕ ਨੌਜਵਾਨ ਆਪਣੇ ਪਰਿਵਾਰ, ਭਾਈਚਾਰੇ, ਸਮਾਜ ਤੇ ਦੇਸ਼ ਪ੍ਰਤੀ ਆਪਣੇ ਕਰਤੱਵਾਂ ਦੀ ਪਛਾਣ ਕਰਦਾ ਹੋਇਆ ਸੁਚੱਜਾ ਜੀਵਨ ਜੀਵੇ। ਵਿਦਿਆਰਥੀ ਵਿੱਦਿਆ ਤੋਂ ਪੂਰਾ-ਪੂਰਾ ਲਾਭ ਤਦ ਹੀ ਲੈ ਸਕਦਾ ਹੈ ਜੇਕਰ ਉਹ ਆਪਣੇ ਘਰ, ਸਕੂਲ, ਕਾਲਜ ਤੇ ਆਲੇ-ਦੁਆਲੇ ਵਿਚ ਅਨੁਸ਼ਾਸਨ ਅਰਥਾਤ ਮਿੱਥੇ ਨਿਯਮਾਂ ਦੀ ਪਾਲਣਾ ਕਰੇ ਤੇ ਹਰ ਉਸ ਬੁਰਾਈ ਤੇ ਅਨਿਯਮਿਤਤਾ ਤੋਂ ਬਚੇ, ਜਿਹੜੀ ਉਸ ਨੂੰ ਉਸ ਦੇ ਮਾਨਸਿਕ ਤੇ ਆਚਰਨਿਕ ਵਿਕਾਸ ਵਿਚ ਸਹਾਈ ਹੋਣ ਵਾਲੀ ਵਿਦਿਆ-ਪ੍ਰਾਪਤੀ ਦੇ ਰਾਹ ਤੋਂ ਭਟਕਾਉਣ ਵਾਲੀ ਹੋਵੇ।

(i) ਉਪਰੋਕਤ ਪੈਰ੍ਹੇ ਦਾ ਸਿਰਲੇਖ ਲਿਖੋ।
(ii) ਸਕੂਲ-ਕਾਲਜਾਂ ਵਿਚ ਵਿਦਿਆ ਦਾ ਅਸਲੀ ਮਕਸਦ ਕੀ ਹੈ?
(iii) ਵਿਦਿਆਰਥੀ ਵਿੱਦਿਆ ਤੋਂ ਪੂਰਾ ਲਾਭ ਕਦੋਂ ਲੈ ਸਕਦਾ ਹੈ?

2. (i) 'ਆਵਤ' ਪਿਛੇਤਰ ਤੋਂ ਇੱਕ ਸ਼ਬਦ ਬਣਾਓ : 1
(ii) 'ਸਰ' ਅਗੇਤਰ ਤੋਂ ਇੱਕ ਸ਼ਬਦ ਬਣਾਓ : 1
(iii) ਆਪਣਾ ਨਾਂ ਦੱਸੋ। (ਪ੍ਰਸ਼ਨਵਾਚਕ ਵਾਕ ਬਣਾਓ) 1
(iv) ਦੁਸਮਣ ਕਦੇ ਮਿੱਤਰ ਨਹੀਂ ਬਣਦੇ। (ਹਾਂ-ਵਾਚਕ ਵਾਕ ਬਣਾਓ) 1

Download from www.MsEducationTv.com

**3. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ:** 1x4=4

(i) ਸ਼ੁੱਧ ਸ਼ਬਦ ਚੁਣੋ :

(ੳ) ਪਰਲੋਕ (ਅ) ਪ੍ਰਲੋਕ

(ੲ) ਪਰਲੋਗ (ਸ) ਤਿੰਨਾਂ ਵਿੱਚੋਂ ਕੋਈ ਨਹੀਂ

(ii) 'ਇਕ ਚੁੱਪ ਤੇ............' ਅਖਾਣ ਪੂਰੀ ਕਰੋ ।

(ੳ) ਸੌ ਰੁੱਖ (ਅ) ਸੌ ਦੁੱਖ

(ੲ) ਸੋ ਸੁਖ (ਸ) ਸੌ ਭੁੱਖ

(iii) 'ਮੈਂ ਖੂਬ ਹੱਸਿਆ।' ਵਾਕ ਵਿਚ ਕਿਹੜੀ ਕਿਰਿਆ ਹੈ।

(ੳ) ਸਕਰਮਕ (ਅ) ਦੋਹਰੀ

(ੲ) ਅਕਰਮਕ (ਸ) ਪ੍ਰੇਰਨਾਰਥਕ

(iv) 'ਕਿਸ ਨੇ ਕੰਮ ਪੂਰਾ ਨਹੀਂ ਕੀਤਾ?' ਵਾਕ ਵਿਚ 'ਕਿਸ' ਸ਼ਬਦ ਹੈ।

(ੳ) ਆਮ ਨਾਂਵ (ਅ) ਪ੍ਰਸ਼ਨਵਾਚਕ ਪੜਨਾਂਵ

(ੲ) ਨਿੱਜਵਾਚਕ ਪੜਨਾਂਵ (ਸ) ਪੁਰਖਵਾਚਕ ਪੜਨਾਂਵ

**4. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :** 3

ਵਾਹ ਅੰਬ ਕਿਹਾ ਸੁਆਦਲਾ ਹੈ

**5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਇਕ ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋਂ :** 2

(i) ਹੱਥ ਮਲਣਾ

(ii) ਝਾੜੂ ਫੇਰਨਾ

**6. ਹੇਠ ਲਿਖੇ ਵਾਕ ਦੀ ਪਦ-ਵੰਡ ਕਰੋ :** 2

ਹਰਮਨ ਨੇ ਨਵੀਂ ਕਾਰ ਖਰੀਦੀ

**7. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ :** 5

**ਗੁਰੂ ਤੇਗ ਬਹਾਦਰ ਜੀ**

**ਨੁਕਤੇ :** ਹਿੰਦ ਦੀ ਚਾਦਰ, ਜਨਮ ਤੇ ਮਾਤਾ-ਪਿਤਾ, ਸੰਤ-ਸਰੂਪ ਤੇ ਸ਼ੱਸਤਰ ਵਿੱਦਿਆ ਦੇ ਮਾਹਰ, ਇਕਾਂਤ-ਪਸੰਦੀ, ਗੁਰਦੱਦੀ, ਗੁਰੂ ਲਾਧੋ ਰੇ, ਧਰਮ ਪ੍ਰਚਾਰ, ਆਨੰਦਪੁਰ ਵਸਾਉਣਾ, ਕਸ਼ਮੀਰੀ ਪੰਡਿਤਾਂ ਦੀ ਪੁਕਾਰ, ਗ੍ਰਿਫਤਾਰੀ, ਸ਼ਹੀਦੀ, ਬਾਣੀ, ਲੋਕਾਂ ਦੀ ਸੋਚਣੀ ਵਿਚ ਇਨਕਲਾਬ ।

ਜਾਂ

Download from www.MsEducationTv.com

**ਕਿਸੇ ਤੀਰਥ ਅਸਥਾਨ ਦੀ ਯਾਤਰਾ**

**ਨੁਕਤੇ** : ਜਾਣ-ਪਛਾਣ, ਮੇਰੇ ਆਪਣੇ ਪਿਤਾ ਜੀ ਨਾਲ ਅੰਮ੍ਰਿਤਸਰ ਜਾਣਾ, ਸ੍ਰੀ ਹਰਿਮੰਦਿਰ ਸਾਹਿਬ ਪੁੱਜਣਾ ਤੇ ਇੱਥੋਂ ਦਾ ਅਦਭੁੱਤ ਦ੍ਰਿਸ਼, ਸਰਬ-ਸਾਂਝਾ ਸਥਾਨ, ਅਕਾਲ ਤਖਤ ਤੇ ਸਿੱਖ ਅਜਾਇਬ ਘਰ, ਹੋਰ ਗੁਰਦੁਆਰਿਆਂ ਤੇ ਜਲ੍ਹਿਆਂਵਾਲੇ ਬਾਗ ਦੀ ਯਾਤਰਾ ।

ਜਾਂ

**ਦੀਵਾਲੀ ਦਾ ਤਿਉਹਾਰ**

**ਨੁਕਤੇ** : ਭਾਰਤ ਤਿਉਹਾਰਾਂ ਦਾ ਦੇਸ਼, ਘਰ ਦੀ ਸਫਾਈ, ਇਤਿਹਾਸਕ ਪਿਛੋਕੜ, ਬਜ਼ਾਰ ਦਾ ਦ੍ਰਿਸ਼, ਪਟਾਕੇ ਖਰੀਦਣਾ, ਦੀਵਾਲੀ ਦਾ ਦਿਨ, ਦੀਵਾਲੀ ਨੂੰ ਮਨਾਉਣਾ, ਪਟਾਕੇ ਚਲਾਉਣ ਤੋਂ ਪਿੱਛੋਂ, ਬੁਰਾਈਆਂ ਤੇ ਵਹਿਮ-ਭਰਮ, ਲੱਛਮੀ-ਪੂਜਾ ।

8. **ਹੇਠ ਲਿਖਿਆਂ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ।5**

ਆਪਣੇ ਸ਼ਹਿਰ ਦੇ ਡਾਕ ਵਿਭਾਗ ਦੇ ਅਫਸਰ ਨੂੰ ਆਪਣੇ ਇਲਾਕੇ ਦੇ ਡਾਕੀਏ ਦੀ ਅਣਗਹਿਲੀ ਦੀ ਸ਼ਿਕਾਇਤ ਸੰਬੰਧੀ ਇਕ ਚਿੱਠੀ ਲਿਖੋ।

**ਨੁਕਤੇ** : ਪਤਾ, ਸੰਬੋਧਨੀ ਪਦ, ਵਿਸ਼ਾ, ਡਾਕੀਏ ਦੀ ਲਾਪਰਵਾਹੀ, ਚਿੱਠੀਆਂ ਨੂੰ ਗ਼ਲਤ ਪਤੇ 'ਤੇ ਪਹੁੰਚਾਉਣਾ, ਚਿੱਠੀ ਮਿਲਣ ਵਿਚ ਦੇਰੀ, ਨੁਕਸਾਨ, ਪਰੇਸ਼ਾਨੀ, ਆਪਣਾ ਸਿਰਨਾਵਾਂ ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜੁਰਮਾਨੇ ਦੀ ਮਾਫ਼ੀ ਲਈ ਬੇਨਤੀ-ਪੱਤਰ ਲਿਖੋ ।

**ਨੁਕਤੇ** : ਸਤਿਕਾਰ ਭਰੇ ਸ਼ਬਦ, ਵਿਸ਼ਾ, ਜੁਰਮਾਨੇ ਦਾ ਕਾਰਨ, ਜੁਰਮਾਨਾ ਭਰਨ ਵਿਚ ਅਸਮਰੱਥ, ਮਾਫੀ, ਧੰਨਵਾਦ, ਅਗਿਆਕਾਰੀ ਵਿਦਿਆਰਥੀ ।

**ਭਾਗ (ਅ)**

9. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ** : **3**

ਆਪਣੇ ਸਿਰ ਤੇ ਛੱਤ ਨਹੀਂ, ਹੋਰਾਂ ਨੂੰ ਦੇਣ ਸਹਾਰਾ।
ਬੇ-ਘਰ ਲੋਕੀਂ ਰੁੱਖਾਂ ਥੱਲੇ ਸੌਂ ਕੇ ਕਰਨ ਗੁਜ਼ਾਰਾ।
ਪਾਏ ਆਲ੍ਹਣੇ ਰੁੱਖਾਂ ਉੱਤੇ ਘੁੱਗੀਆ, ਚਿੜੀਆ ਕਾਵਾਂ।
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਵਾਂ।

Download from www.MsEducationTv.com

ਜਾਂ

ਬਾਬਲ ਮੈਂ ਨਹੀਂ ਖਰਚਾ ਕਰਦੀ, ਖਰਚੇ ਤੋਂ ਕਿਉਂ ਡਰਦਾ ਏਂ
ਕੰਨਿਆ ਦਾਨ ਕਰਨ ਵਾਲੇ, ਕਿਉਂ ਕੰਨਿਆ-ਹੱਤਿਆ ਕਰਦਾ ਏ।
ਕਿਸੇ ਸਹੇਲੀ ਤੋਂ ਮੰਗ-ਮੰਗ ਕੇ ਪੜ੍ਹ ਲਊ ਕਿਤਾਬ ਉਧਾਰੀ ਮਾਂ।
ਨਹੀਂ ਮੰਗਦੀ ਮੈਂ ਲੋਰੀ ਤੈਥੋਂ, ਜਨਮ ਤਾਂ ਦੇ ਇਕ ਵਾਰੀ ਮਾਂ।

10. **ਬਹੁ-ਵਿਕਲਪੀ ਉੱਤਰਾਂ ਵਿਚੋਂ ਸਹੀ ਉੱਤਰ ਚੁਣੋ :** 1x5=5

(i) 'ਕੁੱਖ ਦੀ ਆਵਾਜ਼' ਕਵਿਤਾ ਕਿਸ ਦੀ ਰਚਨਾ ਹੈ
(ੳ) ਕਸ਼ਮੀਰ ਨੀਰ (ਅ) ਕੁਲਵੰਤ ਸਿੰਘ ਰਫ਼ੀਕ
(ੲ) ਡਾ. ਸੁਦਰਸ਼ਨ ਗਾਸੋ (ਸ) ਡਾ. ਦੇਵਿੰਦਰ ਬੀਬਪੁਰੀਆ

(ii) ਰੋਮ-ਰੋਮ ਵਿਚ ਕੌਣ ਵਸਦਾ ਹੈ?
(ੳ) ਪੰਜਾਬੀ ਬੋਲੀ ਦਾ ਸਨਮਾਨ (ਅ) ਅੰਗਰੇਜ਼ੀ ਬੋਲੀ ਦਾ ਸਨਮਾਨ
(ੲ) ਹਿੰਦੀ ਬੋਲੀ ਦਾ ਸਨਮਾਨ (ਸ) ਉਰਦੂ-ਫ਼ਾਰਸੀ ਦਾ ਸਨਮਾਨ

(iii) ਸੁਆਣੀਆਂ ਉੱਪਰ ਕਿਸ ਦਾ ਅਸਰ ਪੈ ਗਿਆ ਹੈ?
(ੳ) ਆਪਣੇ ਦੁਸ਼ਮਣਾਂ ਨੂੰ (ਅ) ਆਪਣੇ ਸਿੰਘਾਂ ਨੂੰ
(ੲ) ਆਪਣੇ ਗੁਲਾਮਾਂ ਨੂੰ (ਸ) ਮੁਗਲਾਂ ਨੂੰ

(iv) ਰਸੋਈ ਵਿੱਚੋਂ ਕੀ ਗੁੰਮ ਹੈ?
(ੳ) ਮਿਕਸੀ (ਅ) ਤਵਾ ਤੇ ਚਿਮਟਾ
(ੲ) ਚਾਟੀਆਂ ਤੇ ਮਧਾਣੀਆਂ (ਸ) ਕੜ੍ਹਾਹੀ-ਪਤੀਲਾ

(v) ਰੁੱਖਾਂ ਹੇਠ ਕੁੜੀਆਂ ਕੀ ਕਰਦੀਆਂ ਹਨ?
(ੳ) ਤੀਆਂ ਲਾਉਂਦੀਆਂ ਤੇ ਕਿੱਕਲੀ ਪਾਉਂਦੀਆਂ ਹਨ
(ਅ) ਮਿੱਟੀ-ਪੁੱਟਦੀਆਂ ਹਨ
(ੲ) ਚਰਖਾ ਕਤਦੀਆਂ ਹਨ (ਸ) ਕੁਝ ਵੀ ਨਹੀਂ

11. **ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ)** 1x5=5

(i) ਰਜਨੀ ਦੀ ਕਲਾਸ ਦਾ ਇੰਚਾਰਜ ਅਧਿਆਪਕ ਕੌਣ ਸੀ?
(ii) ਟਾਂਗੇ ਵਿਚ ਸਵਾਰ ਅਧੱਖੜ ਵਿਅਕਤੀ ਕਿੱਥੋਂ ਦਾ ਜੰਮਪਲ ਸੀ?
(iii) ਪੇਪਰ ਖਤਮ ਹੋਣ ਤੇ ਮੀਨਾਕਸ਼ੀ ਕਿੱਥੇ ਗਈ?
(iv) ਅਰਚਨਾ ਆਪਣੇ ਆਪ ਨੂੰ ਛੱਤ ਦੀ ਮਾਲਕਣ ਕਿਉਂ ਸਮਝਦੀ ਸੀ?
(v) ਪੁਲਿਸ ਨੂੰ ਕੌਣ ਬੁਲਾਉਂਦਾ ਹੈ?

12. **ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ) ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ** 1x3=3

(i) ਸ਼ਾਮ ਦਾਸ ਜੂਏ ਵਿਚ ਕੀ ਹਾਰਦਾ ਹੈ?

Download from www.MsEducationTv.com

(ii) ਬੁੱਢੀ ਕਿੰਨੇ ਸਾਲਾਂ ਤੋਂ ਮੰਗਤੀ ਬਣ ਕੇ ਗੁਜ਼ਾਰਾ ਕਰ ਰਹੀ ਸੀ?

(iii) ਮਿਲਖਾ ਸਿੰਘ ਕਦੋਂ ਫੌਜ ਵਿਚ ਭਰਤੀ ਹੋਇਆ?

(iv) ਡਾ. ਕਲਾਮ ਦਾ ਦੇਹਾਂਤ ਕਦੋਂ ਹੋਇਆ?

(v) ਨਾਨਕ ਸਿੰਘ ਦੇ ਕਿਹੜੇ ਨਾਵਲ ਉੱਤੇ ਬਲਰਾਜ ਸਾਹਨੀ ਨੇ ਫਿਲਮ ਬਣਾਈ?

**13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ** : 2x4=8

(i) ਪੰਜਾਬੀਆਂ ਨੇ ਕਿਹੜੀ-ਕਿਹੜੀ ਫਸਲ ਪੈਦਾ ਕਰਨ ਵਿਚ ਸਿਰਾ ਲਾ ਦਿੱਤਾ ਹੈ?

(ii) ਸੈਰ ਕਰਨ ਦੇ ਕੀ ਲਾਭ ਹਨ?

(iii) ਲਿਪੀਕਾਰ (Lipkar) ਬਾਰੇ ਜਾਣਕਾਰੀ ਦਿਓ ।

(iv) ਪੰਜਾਬ ਲੋਕ-ਗੀਤਾਂ ਦਾ ਲੋਕਾਂ ਦੇ ਜੀਵਨ ਨਾਲ ਕੀ ਸੰਬੰਧ ਹੈ?

**14. ਛੋਟੇ ਉੱਤਰਾਂ ਵਾਲੇ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿੱਚ ਦਿਓ:** 2x4=8

(i) ਟਾਂਗੇ ਵਿਚ ਕੌਣ-ਕੌਣ ਸਵਾਰ ਸਨ?

(ii) ਬੇਬੇ ਰਾਮ ਭਜਨੀ ਸੰਦੂਕ ਵਿਚੋਂ ਕਪੜੇ ਆਦਿ ਕੱਢ ਕੇ ਵੇਖਦੀ ਹੋਈ ਆਪਣੇ ਆਪ ਨੂੰ ਕੀ ਕਹਿੰਦੀ ਹੈ।

(iii) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਓ ।

(iv) ਧਰਮ ਬਾਰੇ ਡਾ. ਕਲਾਮ ਦੇ ਕੀ ਵਿਚਾਰ ਸਨ?

**15. ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 30-35 ਸ਼ਬਦਾਂ ਵਿੱਚ)** : 3x2=6

(i) 'ਗੁੰਮ ਨੇ ਰਸੋਈ ਵਿਚੋਂ' ਕਵਿਤਾ ਦਾ ਸਾਰ ਲਿਖੋ ।

ਜਾਂ

'ਮਾਂ ਜੋ ਇਧਰ ਵੀ ਤੇ ਓਧਰ ਵੀ' ਕਵਿਤਾ ਵਿਚ ਆਏ ਵਿਚਾਰਾਂ ਦਾ ਸਾਰ ਲਿਖੋ ।

(ii) 'ਆਦਤਾ' ਲੇਖ ਵਿਚ ਲੇਖਕ ਨੇ ਸਾਡੀਆਂ ਕਿਹੜੀਆਂ-ਕਿਹੜੀਆਂ ਆਦਤਾਂ ਦਾ ਜਿਕਰ ਕੀਤਾ ਹੈ?

ਜਾਂ

ਪੰਜਾਬੀ ਦੇ ਪਹਿਲੇ ਅਤੇ ਇਕੋ-ਇਕ ਵਰਡ ਪ੍ਰੋਸੈਸਰ 'ਅੱਖਰ' ਬਾਰੇ ਜਾਣਕਾਰੀ ਦਿਓ ।

16. (i) ਟਰੈਕਿੰਗ ਦੌਰਾਨ ਰਸਤੇ ਵਿਚ ਮਿਲੀਆਂ ਪਹਾੜੀ ਔਰਤਾਂ ਬਾਰੇ ਲੇਖਕ ਕੀ ਦੱਸਦਾ ਹੈ? 3x2 = 6

ਜਾਂ

Download from www.MsEducationTv.com

ਲੇਖਕ ਨੂੰ ਪਹਾੜੀ ਤੋਂ ਮੈਲਬੋਰਨ ਸ਼ਹਿਰ ਦਾ ਨਜ਼ਾਰਾ ਕਿਹੋ ਜਿਹਾ ਦਿਖਾਈ ਦਿੱਤਾ?

(ii) ਓੁਪਰੇਟਿੰਗ ਸਿਸਟਮ : ਬੌਸ (BOSS) ਸਾਫ਼ਟਵੇਅਰ ਬਾਰੇ ਦੱਸੋ ।

ਜਾਂ

ਮੁਟਿਆਰ ਕੁੜੀਆਂ ਕਦੋਂ ਗੀਤ ਗਾਉਂਦੀਆਂ ਹਨ? ਕੋਈ ਇਕ ਗੀਤ ਲਿਖੋ ।

17(i) ਜੇਕਰ ਰਜਨੀ ਦੀ ਥਾਂ ਤੁਸੀ ਇਸ ਸੰਕਟ ਵਿਚ ਫੱਸ ਜਾਂਦੇ? ਤਾਂ ਕੀ ਕਰਦੇ? ਆਪਣੇ ਭਾਵ ਵਿਅਕਤ ਕਰੋ। 3x2 = 6

ਜਾਂ

ਭਾਰਤ ਦੀ ਵੰਡ ਦਾ ਸਭ ਤੋਂ ਵੱਧ ਅਸਰ ਕਿਹੜੇ ਪ੍ਰਾਂਤ ਦੇ ਲੋਕਾਂ ਉੱਤੇ ਪਿਆ?

(ii) 'ਬੀਬੀ ਭਾਨੀ ਜੀ' ਜੀਵਨੀ ਦਾ ਸੰਖੇਪ-ਸਾਰ ਲਿਖੋ?

ਜਾਂ

ਡਾ. ਅਬਦੁੱਲ ਕਲਾਮ ਦੇ ਜੀਵਨ ਤੋਂ ਸਾਨੂੰ ਕਿਹੜੀਆਂ-ਮਾਨਵੀ ਕਦਰਾਂ-ਕੀਮਤਾਂ ਦੀ ਸਿੱਖਿਆ ਮਿਲਦੀ ਹੈ?

✡ ✡ ✡ ✡ ✡ ✡

Download from www.MsEducationTv.com